**Office of Deputy Commissioner, Fazilka**

**ਦਫਤਰ ਡਿਪਟੀ ਕਮਿਸ਼ਨਰ, ਫਾਜਿਲਕਾ**

**(ਫੁੱਟਕਲ ਸਾਖਾ)**

---

ਹੁਕਮ:-

ਕੋਵਿਡ-19 (ਕਰੋਨਾ ਵਾਇਰਸ) ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ:ਐਮ.ਸੀ.1/ਐਮ.ਏ./2020/4370-92 ਮਿਤੀ:23.03.2020 ਰਾਹੀ ਕਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ:23.03.2020 ਤੋਂ 31.03.2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਗਏ ਸਨ।

ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ, ਮੁਢਲੀਆਂ ਸਹੂਲਤਾਂ ਉਪਲਬਧ ਕਰਾਉਣ ਲਈ ਕਰਫਿਊ ਦੇ ਆਦੇਸ਼ਾਂ ਵਿੱਚ ਇਸ ਦਫਤਰ ਦੇ ਪੱਤਰ ਨੰਬਰ:4469-86/ਐਮ.ਸੀ.-3/ਐਮ.ਏ. ਮਿਤੀ:23.03.2020 ਰਾਹੀ ਅਖਬਾਰਾਂ ਦੀ ਵੰਡ, ਦੁੱਧ ਦੀ ਸਪਲਾਈ ਅਤੇ ਪੰਨੇ ਦੀਆਂ ਟਾਲਾਂ ਨੂੰ ਢਿੱਲ ਦਿੱਤੀ ਗਈ ਸੀ, ਇਹ ਆਦੇਸ਼ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ ਅਤੇ ਇਸ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਹੋਰ ਜਰੂਰੀ ਵਸਤਾਂ ਦੀ ਵੰਡ ਸਬੰਧੀ ਹੇਠ ਲਿਖੇ ਅਨੁਸਾਰ ਮਿਤੀ:31.03.2020 ਤੱਕ ਢਿੱਲ ਦਿੱਤੀ ਜਾਂਦੀ ਹੈ:-

1. <u>ਪੈਟਰੋਲਡੀਜਲ/ ਦੀ ਵਿਕਰੀ</u>:- ਜਿਲ੍ਹੇ ਫਾਜਿਲਕਾ ਵਿੱਚ ਵੱਖਵੱਖ ਜਰੂਰੀ ਵਸਤਾਂ ਦੀ ਸਪਲਾਈ ਲਈ ਦਿੱਤੀ ਗਈ ਢਿੱਲ -ਡੀਜਲ/ਵਿੱਚ ਪੈਟਰੋਲ ਦੀ ਵਰਤੋਂ ਹੋਵੇਗੀ। ਇਸ ਲਈ ਪੈਟਰੋਲ ਅਤੇ ਡੀਜਲ ਦੀ ਵਿਕਰੀ ਕਰਨ ਲਈ ਮਿਤੀ: 25, 27, 29 ਅਤੇ 31.03.2020 ਤੱਕ ਸਵੇਰੇ 07:00 ਵਜੇ ਤੋਂ 10:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਇਸ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਜਿਹੜੇ ਵਹੀਕਲ ਸਰਵਿਸ ਮੁਹੱਈਆ ਕਰਵਾ ਰਹੇ ਹਨ, ਉਨ੍ਹਾਂ ਨੂੰ ਪੈਟਰੋਲ/ਡੀਜਲ ਦੀ ਸਪਲਾਈ ਮੁਹੱਈਆ ਕਰਵਾਈ ਜਾਵੇ। ਜਿੰਨ੍ਹਾਂ ਪੈਟਰੋਲ ਪੰਪਾਂ ਤੋਂ ਪੈਟਰੋਲ/ਡੀਜਲ ਦੀ ਵਿਕਰੀ ਕੀਤੀ ਜਾਣੀ ਹੈ, ਉਨ੍ਹਾਂ ਦੀ ਪਹਿਚਾਣ ਸਬੰਧਤ ਉਪ ਮੰਡਲ ਮੈਜਿਸਟਰੇਟ ਆਪਣੇ ਪੱਧਰ ਤੇ ਕਰਕੇ, ਲੋੜ ਅਨੁਸਾਰ ਸਬੰਧਤ ਪੈਟਰੋਲ ਪੰਪਾਂ ਦੇ ਮਾਲਕਾਨ ਨੂੰ ਪ੍ਰਵਾਨਗੀ ਦੇਣਗੇ।

2. <u>ਗੈਸ ਦੀ ਸਪਲਾਈ</u>:- ਜਿਲ੍ਹਾ ਫਾਜਿਲਕਾ ਵਿੱਚ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ, ਗੈਸ ਸਿਲੈਂਡਰ ਦੀ ਸਪਲਾਈ ਕਰਨ ਲਈ ਮਿਤੀ: 25, 27, 29 ਅਤੇ 31.03.2020 ਤੱਕ ਸਵੇਰੇ 09:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਦਾ ਸਮਾਂ ਮੁੱਕਰਰ ਕੀਤੀ ਜਾਂਦਾ ਹੈ। ਗੈਸ ਦੇ ਡੀਲਰ ਇਸ ਸਮੇਂ ਦੌਰਾਨ ਘੱਟ ਤੋਂ ਘੱਟ ਵਹੀਕਲਾਂ ਦੀ ਵਰਤੋਂ ਕਰਕੇ ਆਮ ਜਨਤਾ ਦੇ ਘਰਾਂ ਵਿੱਚ ਗੈਸ ਸਿਲੈਂਡਰ ਦੀ ਸਪਲਾਈ ਕਰਨੀ ਯਕੀਨੀ ਬਣਾਉਣਗੇ। ਕੋਈ ਵੀ ਨਾਗਰਿਕ ਗੈਸ-ਸਿਲੈਂਡਰ ਲੈਣ ਲਈ ਗੈਸ ਏਜੰਸੀ/ਗੋਦਾਮ ਵਿਖੇ ਸਿਲੈਂਡਰ ਲੈਣ ਲਈ ਨਹੀਂ ਜਾਵੇਗਾ।

3. <u>ਸਬਜੀ/ਫਲ ਦੀ ਵਿਕਰੀ</u>:- ਜਿਲ੍ਹਾ ਫਾਜਿਲਕਾ ਵਿੱਚ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਬਜੀ ਅਤੇ ਫਲ ਦੀ ਵਿਕਰੀ ਲਈ ਮਿਤੀ:26.03.2020 ਅਤੇ 30.03.2020 ਨੂੰ ਸਵੇਰੇ 07:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਸਬਜੀ / ਫਲ ਵਾਲੇ ਆਪਣੀ ਸਬਜੀ / ਫਲ ਵਹੀਕਲਾਂ / ਰੇਹੜੀਆਂ ਰਾਹੀਂ ਆਮ ਜਨਤਾ ਦੇ ਘਰਾਂ ਵਿੱਚ ਪਹੁੰਚਾਉਣ ਲਈ ਜਿੰਮੇਵਾਰ ਹੋਣਗੇ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਵਹੀਕਲ/ਰੇਹੜੀ ਵਾਲੇ ਇੱਕ ਜਗ੍ਹਾਂ ਤੇ ਇਕੱਠ ਨਹੀਂ ਕਰਨਗੇ। ਸਮੂਹ ਉਪ ਮੰਡਲ ਮੈਜਿਸਟਰੇਟ ਆਪਣੇ ਪੱਧਰ ਤੇ ਸਬੰਧਤ ਯੂਨੀਅਨ ਨਾਲ ਗਲਬਾਤ ਕਰਕੇ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਸਬਜੀ/ਫਲ ਦੀ ਵਿਕਰੀ ਵਾਜਬ ਰੇਟ ਤੇ ਘੱਟ ਤੋਂ ਘੱਟ ਮਸ਼ੀਨਰੀ ਦੀ ਵਰਤੋਂ ਕਰਦੇ ਹੋਏ ਜਨਤਾ ਨੂੰ ਲੋੜ ਅਨੁਸਾਰ ਉਨ੍ਹਾਂ ਦੇ ਘਰਾਂ ਵਿੱਚ ਸਪਲਾਈ ਕਰਵਾਈ ਜਾਵੇ। ਸਕੱਤਰ, ਮਾਰਕਿਟ ਕਮੇਟੀ ਨਾਲ ਵੀ ਗੱਲਬਾਤ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਸਬਜੀ ਮੰਡੀ ਵਿਖੇ ਕੋਈ ਵੀ ਪਰਚੂਨ ਵਿੱਚ ਸਬਜੀ/ਫਲ ਆਮ ਜਨਤਾ ਨੂੰ ਨਾ ਵੇਚੀ ਜਾਵੇ।

4. <u>ਕਰਿਆਣੇ ਦੀ ਵਿਕਰੀ</u>:- ਜਿਲ੍ਹਾ ਫਾਜਿਲਕਾ ਵਿੱਚ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਕਰਿਆਣੇ ਦੀ ਵਿਕਰੀ ਲਈ ਮਿਤੀ:25.03.2020, 27.03.2020 ਅਤੇ 31.03.2020 ਨੂੰ ਦੁਪਹਿਰ 12:00 ਵਜੇ ਤੋਂ ਸ਼ਾਮ 06:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਕਰਿਆਣਾ ਦੁਕਾਨਦਾਰ ਇਹ ਯਕੀਨੀ ਬਣਾਉਣਗੇ ਕਿ ਉਹ ਕਰਿਆਣਾ ਆਮ ਜਨਤਾਂ ਨੂੰ ਘਰਾਂ ਵਿੱਚ ਸਪਲਾਈ ਕਰਨਗੇ। ਆਮ ਜਨਤਾ ਕਰਿਆਣੇ ਦੇ ਸਮਾਨ ਲਈ ਦੁਕਾਨ ਤੇ ਨਹੀਂ ਜਾਵੇਗੀ। ਜਿੰਨ੍ਹਾਂ ਕਰਿਆਣਾ ਦੀਆਂ ਦੁਕਾਨਾਂ ਤੋਂ ਸਮਾਨ ਦੀ ਪਹੁੰਚ ਘਰ ਤੱਕ ਕਰਵਾਈ ਜਾਣੀ ਹੈ, ਉਨ੍ਹਾਂ ਦੀ ਪਹਿਚਾਣ ਸਬੰਧਤ ਉਪ ਮੰਡਲ ਮੈਜਿਸਟਰੇਟ ਆਪਣੇ ਪੱਧਰ ਤੇ ਕਰਕੇ ਸਬੰਧਤ ਦੁਕਾਨਦਾਰਾਂ ਨੂੰ ਪ੍ਰਵਾਨਗੀ ਦੇਣਗੇ।

Office of the Distt. Magistrate FAZILKA

Office of Deputy Commissioner, Fazilka

ਦਫਤਰ ਡਿਪਟੀ ਕਮਿਸ਼ਨਰ, ਫਾਜਿਲਕਾ

(ਫੁੱਟਕਲ ਸ਼ਾਖਾ)

5. ਦਵਾਈਆਂ ਦੀ ਸਪਲਾਈ:- ਜਿਲ੍ਹਾ ਫਾਜਿਲਕਾ ਵਿੱਚ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਦਵਾਈਆਂ ਆਮ ਜਨਤਾ ਦੀ ਮੰਗ ਅਨੁਸਾਰ ਰੋਜਾਨਾਂ ਸਵੇਰੇ 07:00 ਵਜੇ ਤੋਂ 10:00 ਵਜੇ ਤੱਕ ਉਨ੍ਹਾਂ ਦੇ ਘਰਾਂ ਵਿੱਚ ਦਵਾਈ ਵਿਕਰੇਤਾਵਾਂ ਵੱਲੋਂ ਸਪਲਾਈ ਕੀਤੀ ਜਾਵੇਗੀ। ਆਮ ਜਨਤਾ ਦਵਾਈਆਂ ਦੀਆਂ ਦੁਕਾਨਾਂ ਤੇ ਦਵਾਈ ਲੈਣ ਲਈ ਨਹੀਂ ਆਵੇਗੀ।

6. ਉਪ ਮੰਡਲ ਮੈਜਿਸਟਰੇਟ ਆਪਣੇ ਪੱਧਰ ਤੇ ਇਹ ਯਕੀਨੀ ਬਣਾਉਣਗੇ ਕਿ ਉਪਰੋਕਤ ਮੰਤਵ ਲਈ ਆਮ ਜਨਤਾ ਦੀ ਸੁਵਿਧਾ ਲਈ ਇੱਕਠ ਨਹੀਂ ਹੋਣ ਦੇਣਗੇ।

ਇਹ ਹੁਕਮ ਅੱਜ ਮਿਤੀ:24.03.2020 ਨੂੰ ਮੇਰੇ ਹਸਤਾਖਰਾਂ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

24/3/20

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਫਾਜਿਲਕਾ।

ਪਿੱਠ ਅੰਕਣ ਨੰਬਰ:- 4700-30/ਐਮ.ਸੀ.3/ਐਮ.ਏ. ਮਿਤੀ: 24.03.2020

ਇਸ ਦਾ ਇੱਕ ਉਤਾਰਾ ਇਸ ਦਫਤਰ ਦੇ ਪੱਤਰ ਨੰਬਰ:ਐਮ.ਸੀ.1/ਐਮ.ਏ./2020/4370-92 ਮਿਤੀ:23.03.2020 ਅਤੇ ਪੱਤਰ ਨੰਬਰ:4469-86/ਐਮ.ਸੀ.-3/ਐਮ.ਏ. ਮਿਤੀ:23.03.2020 ਦੀ ਲਗਾਤਾਰਤਾ ਵਿੱਚ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪੰਜਾਬ ਸਰਕਾਰ, ਚੰਡੀਗੜ੍ਹ।
3. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਚੰਡੀਗੜ੍ਹ।
4. ਕਮਿਸ਼ਨਰ ਫਿਰੋਜਪੁਰ ਮੰਡਲ ਫਿਰੋਜਪੁਰ।
5. ਜਿਲ੍ਹਾ ਅਤੇ ਸੈਸ਼ਨ ਜੱਜ, ਫਾਜਿਲਕਾ।
6. ਸੀਨੀਅਰ ਕਪਤਾਨ ਪਲਿਸ, ਫਾਜਿਲਕਾ।
7. ਵਧੀਕ ਡਿਪਟੀ ਕਮਿਸ਼ਨਰ (ਜ), ਫਾਜਿਲਕਾ।
8. ਵਧੀਕ ਡਿਪਟੀ ਕਮਿਸ਼ਨਰ (ਵਿ), ਫਾਜਿਲਕਾ।
9. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ।
10. ਸਿਵਲ ਸਰਜਨ, ਫਾਜਿਲਕਾ।
11. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਾਜਿਲਕਾ।
12. ਪ੍ਰਧਾਨ ਪੈਟੋਰਲ ਪੰਪ ਐਸੋਸੀਏਸ਼ਨ/ਗੈਸ ਐਸੋਸੀਏਸ਼ਨ/ਕਰਿਆਣਾ ਐਸੋਸੀਏਸ਼ਨ/ਸਬਜੀ/ਫਲ ਐਸੋਸੀਏਸ਼ਨ/ਡੇਅਰੀ ਐਸੋਸੀਏਸ਼ਨ/ਪ੍ਰਧਾਨ ਗਊਸ਼ਾਲਾ/ ਕੈਮਿਸਟ ਐਸੋਸੀਏਸ਼ਨ/ ਜਿਲ੍ਹਾ ਫਾਜਿਲਕਾ ਮਾਰਫਤ ਸੀਨੀਅਰ ਕਪਤਾਨ ਪੁਲਿਸ, ਫਾਜਿਲਕਾ।
13. ਜਿਲ੍ਹਾ ਲੋਕ ਸੰਪਰਕ ਅਫਸਰ, ਫਾਜਿਲਕਾ।

Office of the Distt. Magistrate FAZILKA

ਵਾ:ਜਿਲ੍ਹਾ ਮੈਜਿਸਟਰੇਟ,
ਫਾਜਿਲਕਾ।